# ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

ਸਰਕਾਰੀ (ਮਾਡਲ) ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ)
ਫੇਜ਼-3ਬੀ-1, ਐਸ.ਏ.ਐਸ. ਨਗਰ।
(ਵੈਬਸਾਈਟ www.educationrecruitmentboard.com)

ਨੰ: 08/22-2021 ਭਡ(3,7,8)/2022305473 ਮਿਤੀ : 22.11.2022

## ਉਮੀਦਵਾਰਾਂ ਲਈ ਹਦਾਇਤਾਂ

ਸਿੱਖਿਆ ਵਿਭਾਗ, ਪੰਜਾਬ ਵੱਲੋਂ ਕੁੱਲ 4767 ਪੋਸਟਾਂ (ਜੇਲ ਵਿਭਾਗ, ਨਵੀਂ ਅਤੇ ਬੈਕਲਾਗ) ਅਧੀਨ ਸਾਇੰਸ ਵਿਸ਼ੇ ਦੀਆਂ ਅਸਾਮੀਆਂ ਭਰਨ ਲਈ ਯੋਗ ਉਮੀਦਵਾਰਾਂ ਵੱਲੋਂ, ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਆਨ-ਲਾਈਨ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ। ਜਿਹੜੇ ਉਮੀਦਵਾਰਾਂ ਨੇ ਇਨ੍ਹਾਂ ਅਸਾਮੀਆਂ ਲਈ ਅਪਲਾਈ ਕੀਤਾ ਸੀ, ਉਨ੍ਹਾਂ ਦਾ ਮਿਤੀ 18.09.2022 ਨੂੰ ਲਿਖਤੀ ਟੈਸਟ ਲੈਣ ਉਪਰੰਤ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਹੈ। ਉਮੀਦਵਾਰਾਂ ਨੂੰ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਮਾਈਕਰੋਸਾਫ਼ਟ ਬਿਲਡਿੰਗ, ਫੇਜ 3 ਬੀ-1, ਐਸ.ਏ.ਐਸ.ਨਗਰ ਵਿਖੇ ਹੇਠਾਂ ਦਰਸਾਏ ਗਏ ਸ਼ਡਿਊਲ ਅਨੁਸਾਰ ਸਵੇਰੇ 09.00 ਵਜੇ ਤੋਂ ਸ਼ਾਮ 3.00 ਵੱਜੇ ਤੱਕ ਸੱਦਾ ਦਿੱਤਾ ਜਾਂਦਾ ਹੈ।

### ਵਿਸ਼ਾ:- ਸਾਇੰਸ

| MASTER CADRE SCIENCE 859 (4161) POSTS | | | |
|---|---|---|---|
| Sr. No. | Date of Scrutiny | Category | Called Cutoff |
| 1 | 24.11.2022 | OPEN | Candidates of all categories with marks 85 and above |
| 1 | 25.11.2022 | OPEN | Candidates of all categories with marks 81 to 84 |
| 2 | | EWS | Candidates with Marks 79 to 83 |
| 3 | | GENERAL(ESM) | ALL Candidates |
| 4 | | SC(M&B)ESM | ALL Candidates |
| 5 | | SC(R&O)ESM | ALL Candidates |
| 6 | | BC(ESM) | ALL Candidates |
| 7 | | GEN(SPORTS) | ALL Candidates |
| 8 | | SC(M&B)SPORTS | ALL Candidates |
| 9 | | SC(R&O)SPORTS | ALL Candidates |
| 10 | | PH (ORTHO) | ALL Candidates |
| 11 | | PH (VISUAL) | ALL Candidates |
| 12 | | PH (HEARING) | ALL Candidates |
| 13 | | PH (ID) | ALL Candidates |

| | | | |
|---|---|---|---|
| 14 | | FREEDOM FIGHTER | ALL Candidates |
| 1 | 29.11.2022 | SC(R&O) | Candidates with Marks 59 to 83 |
| 2 | | BC | Candidates with Marks 75 to 83 |
| 3 | | SC(M&B) | ALL Candidates |

**MASTER CADRE SCIENCE 01 (JAIL DEPT.) POSTS**

| Sr. No. | Date of Scrutiny | Category | Called Cutoff |
|---|---|---|---|
| 1 | 24.11.2022 | General Female | Candidates with Marks 80 and above |

**MASTER CADRE SCIENCE 227 (BACKLOG 598) POSTS**

| Sr. No. | Date of Scrutiny | Category | Called Cutoff |
|---|---|---|---|
| 1 | 25.11.2022 | GENERAL(ESM) | ALL Candidates |
| 2 | | BC(ESM) | ALL Candidates |
| 3 | | FF | ALL Candidates |
| 4 | | PH (VISUAL) | ALL Candidates |
| 5 | | PH (HEARING) | ALL Candidates |
| 6 | | PH (ORTHO) | ALL Candidates |
| 7 | | PH (ID) | ALL Candidates |
| 8 | | GEN(SPORTS) | ALL Candidates |

**ਨੋਟ: ਮਾਸਟਰ ਕਾਡਰ 4161 ਨਾਲ ਸਬੰਧਤ ਸਾਰੀਆਂ ਕੈਟਾਗਰੀਆਂ ਦੇ ਉਮੀਦਵਾਰ ਜਿਨ੍ਹਾਂ ਦੇ ਅੰਕ 85 ਜਾਂ 85 ਤੋਂ ਵੱਧ ਹਨ, ਉਹ ਆਪਣੀ ਸਕਰੂਟਨੀ ਓਪਨ ਕੈਟਾਗਰੀ ਵਿੱਚ ਮਿਤੀ 24-11-2022 ਅਤੇ ਸਾਰੀਆਂ ਕੈਟਾਗਰੀਆਂ ਦੇ ਉਮੀਦਵਾਰ ਜਿਨ੍ਹਾਂ ਦੇ ਅੰਕ 81 ਤੋਂ 84 ਹਨ, ਉਹ ਆਪਣੀ ਸਕਰੂਟਨੀ ਓਪਨ ਕੈਟਾਗਰੀ ਵਿੱਚ ਮਿਤੀ 25-11-2022 ਅਨੁਸਾਰ ਕਰਵਾਉਣ ਲਈ ਹਾਜ਼ਰ ਹੋਣਗੇ।**

ਉਮੀਦਵਾਰ ਨਿਰਧਾਰਿਤ ਸ਼ਡਿਊਲ ਅਨੁਸਾਰ ਦਸਤਾਵੇਜਾਂ ਦੀ ਸਕਰੂਟਿਨੀ ਲਈ ਆਉਣ ਤੋਂ ਪਹਿਲਾਂ ਹੇਠ ਦਰਸਾਏ ਅਨੁਸਾਰ ਸਕਰੂਟਿਨੀ ਫਾਰਮ ਵਿਭਾਗ ਦੀ ਵੈਬਾਈਟ ਤੋਂ ਡਾਊਨਲੋਡ ਕਰਕੇ ਉਸ ਨੂੰ ਸਾਫ਼-ਸੁਥਰਾ ਭਰਨ ਉਪਰੰਤ ਆਪਣੇ ਸਰਟੀਫਿਕੇਟਾਂ ਨੂੰ ਇੱਕ **Running PDF** ਤਿਆਰ ਕਰਕੇ ਵਿਭਾਗ ਦੇ ਈ-ਮੇਲ ਐਡਰੈਸ mastercadrescience4767@gmail.com ਉੱਪਰ ਈ-ਮੇਲ ਦੇ **SUBJECT** ਕਾਲਮ ਵਿਚ ਭਰਤੀ ਦਾ ਨਾਮ, ਵਿਸ਼ਾ, ਰਜਿਸਟਰੇਸ਼ਨ ਨੰਬਰ ਅਤੇ ਆਪਣਾ ਨਾਮ ਭਰ ਕੇ **e-mail** ਕਰੇਗਾ।

1. ਜਨਮ ਮਿਤੀ ਸਬੰਧੀ ਦਸਵੀਂ ਦਾ ਸਰਟੀਫਿਕੇਟ
2. ਪੰਜਾਬੀ ਪਾਸ ਕਰਨ ਦਾ ਸਬੂਤ (ਦਸਵੀਂ ਕਲਾਸ ਜਾਂ ਉਚੇਰੀ ਪੱਧਰ ਤੇ)
3. ਗ੍ਰੈਜੁਏਸ਼ਨ ਭਾਗ I, II, III ਦੀ DMC ਅਤੇ ਡਿਗਰੀ।

4. ਬੀ. ਐਡ. ਦੀ DMC ਅਤੇ ਡਿਗਰੀ।

5. ਕੈਟਾਗਰੀ ਨਾਲ ਸਬੰਧਤ ਸਰਟੀਫਿਕੇਟ।

6. ਪੰਜਾਬ ਰਾਜ ਵਸਨੀਕ ਹੋਣ ਦਾ ਸਬੂਤ (ਕੇਵਲ ਉਹੀ ਉਮੀਦਵਾਰ ਜਿਨ੍ਹਾਂ ਨੇ ਕਿਸੇ ਰਿਜ਼ਰਵ ਕੈਟਾਗਰੀ ਵਿੱਚ ਅਪਲਾਈ ਕੀਤਾ ਹੈ)।

7. ਆਮਦਨ ਸਬੰਧੀ ਸਵੈ-ਘੋਸ਼ਣਾ ਪੱਤਰ (ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ ਕਰਕੇ ਭਰਨ ਉਪਰੰਤ) ਜਿਹੜੇ ਉਮੀਦਵਾਰਾਂ ਨੇ ਪੱਛੜੀ ਸ਼੍ਰੇਣੀ ਕੈਟਾਗਰੀ ਵਿੱਚ ਅਪਲਾਈ ਕੀਤਾ ਹੈ)।

8. ਵਿਦਿਅਕ ਯੋਗਤਾ ਸਬੰਧੀ ਸਵੈ-ਘੋਸ਼ਣਾ/ ਤਸਦੀਕੀ ਪੱਤਰ (ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ ਕਰਕੇ ਭਰਨ ਉਪਰੰਤ)

ਉਮੀਦਵਾਰ ਦਸਤਾਵੇਜਾਂ ਦੀ ਸਕਰੂਟਿਨੀ ਤੇ ਆਉਣ ਸਮੇਂ ਆਪਣੇ ਨਾਲ ਅਸਲ ਸਰਟੀਫਿਕੇਟ, ਸਰਟੀਫਿਕੇਟਾਂ ਦੀ ਖੁਦ ਤਸਦੀਕ ਕੀਤੀਆਂ ਫੋਟੋ ਕਾਪੀਆਂ ਦਾ ਇੱਕ ਸੈੱਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਗਈ ਫੀਸ ਦਾ ਸਬੂਤ, ਆਨਲਾਈਨ ਅਪਲਾਈ ਕਰਨ ਦਾ ਫਾਰਮ, ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ ਕੀਤਾ ਸਕਰੂਟਨੀ ਫਾਰਮ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਉਕਤ ਦਰਸਾਈ ਤਰਤੀਬ ਅਨੁਸਾਰ ਵੱਖਰੀਆਂ ਫਾਈਲਾਂ ਵਿੱਚ ਲਗਾ ਕੇ ਦਸਤਾਵੇਜਾ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

**<u>ਉਮੀਦਵਾਰਾਂ ਲਈ ਹਦਾਇਤਾਂ:-</u>**

1. ਉਪਰੋਕਤ ਦਿੱਤੇ ਸ਼ਡਿਊਲ ਅਨੁਸਾਰ ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਕਰਵਾਉਣ ਲਈ ਨਿੱਜੀ ਪੱਧਰ ਤੇ ਹਾਜ਼ਰ ਹੋਣਾ ਯਕੀਨੀ ਬਨਾਉਣ।

2. ਕਿਸੇ ਵੀ ਉਮੀਦਵਾਰ ਵੱਲੋਂ ਦਸਤਵੇਜਾ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।

3. ਦਸਤਾਵੇਜਾ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।

4. ਅਸਲ ਦਸਤਾਵੇਜ, ਦਸਤਾਵੇਜਾ ਦੀ ਸਕਰੂਟਨੀ ਲਈ ਗਠਿਤ ਸਬ-ਕਮੇਟੀਆਂ ਕੋਲੋਂ ਚੈਕ ਕਰਵਾਉਣੇ ਅਤਿ ਜਰੂਰੀ ਹਨ। ਦਸਤਾਵੇਜ ਚੈਕ ਨਾਂ ਕਰਵਾਉਣ ਦੀ ਸੂਰਤ ਵਿੱਚ ਜਾਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਨ੍ਹਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।

5. ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ F.I.R ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।

6. ਸਕਰੂਟਨੀ ਦੌਰਾਨ ਹਾਜਰ ਰਹਿਣ ਸਮੇਂ ਉਮੀਦਵਾਰ, ਪੰਜਾਬ ਸਰਕਾਰ ਸਹਿਤ ਵਿਭਾਗ ਵੱਲੋਂ ਜਾਰੀ ਕੋਵਿਡ-19 ਗਾਈਡਲਾਈਨਜ਼ ਜਿਵੇਂ ਮਾਸਕ ਪਾਉਣਾ, ਸੋਸ਼ਲ ਡਿਸਟੈਂਸਿੰਗ ਆਦਿ ਦਾ ਧਿਆਨ ਰੱਖਣਗੇ।

ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਡਾਇਰੈਕਟੋਰੇਟ